ਗੁਰੂ ਆਏ ਜਾਂ ਤੰਬੂ ਦੇ ਵਿੱਚੋਂ ਬਾਹਰ ਸੀ
ਹੱਥ ਵਿੱਛ ਇਕ ਨੰਗੀ ਤਲਵਾਰ ਸੀ
ਇਹਦੇ ਨਾਲ ਪੰਥ ਖਾਲਸਾ ਸਜਾਉਣਾ
ਉਠੇ ਕੋਈ ਸਿੱਖ ਸੂਰਮਾ
ਭੇਟਾ ਸੀਸ ਜਿਹਨੇ ਗੁਰੂ ਦੀ ਚੜਾਉਣਾ
1ਬਾਜਾਂ ਵਾਲਾ ਆਖਦਾ ਹੈ ਦਿਲਾਂ ਚ ਮਲਾਲ ਕੀ
ਕਰਨੀ ਤਿਆਰ ਫੋਜ ਪੂਰਖ ਅਕਾਲ ਕੀ
ਸਵਾ ਲੱਖ ਨਾਲ ਇਕ ਨੂ ਲੜਾਉਣਾ
2ਦਯਾ ਰਾਮ ਉਠਿਆ ਦਯਾ ਦਿਲ ਧਾਰ ਕੇ
ਦੇਣਾ ਹੈ ਜੀਵਨ ਗੁਰੂ ਜਿਉਦੇ ਨੂ ਮਾਰ ਕੇ
ਸਿਰ ਗੁਰੂ ਕੋਲੋ ਅੱਜ ਕਟਵਾਉਣਾ
3ਧਰਮ ਚੰਦ ਉਚਾ ਅੱਜ ਕਰਨਾ ਧਰਮ ਨੂ
ਸੀਸ ਦੇਣੀ ਫੀਸ ਅੱਜ ਸਿੱਖੀ ਚ ਪੜਨ ਨੂ

ਬਾਜਾਂ ਵਾਲੇ ਪਾਠ ਸਿੱਖੀ ਦਾ ਪੜਾਉਣਾ

4ਹਿਮਤ ਰਾਏ ਦੀ ਅੱਜ ਵੇਖਲੋ ਹਿੰਮਤ ਨੂ

ਸੀਸ ਭੇਟ ਦੇਣ ਲੱਗਾ ਸਿੱਖੀ ਦੀ ਕੀਮਤ ਨੂ

ਗੁਰੁ ਪੰਥ ਮੁੱਲ ਖਾਲਸੇ ਦਾ ਪਾਉਣਾ

5ਵਾਰੀ ਸੀਸ ਸਿੱਖ ਅਪਣਾ ਕਟਾ ਗਏ

ਚੋਥੀ ਅਵਾਜੇ ਚੰਦ ਮੋਹਕਮ ਆ ਗਏ

ਮੈਨੂੰ ਗੁਰੁ ਜੀਉ ਪੰਜਾ ਚ ਰਲਾਉਣਾ

6ਸਾਹਿਬ ਚੰਦ ਅਇਆ ਕੀਤੀ ਕਿਰਪਾ ਜਾ ਸੈਬ ਨੇ

ਸੀਸ ਕਟਾਉਣਾ ਕਿਉਕਿ ਸਿਖੀ ਵਾਲੇ ਐਬ ਨੇ

ਗੁਰੁ ਸਿਖਾਂ ਦਾ ਹੈ ਮਨ ਨਸ਼ਿਆਉਣਾ

7ਪਹਿਲਾਂ ਸਿਰ ਕੱਟ ਫਿਰ ਧੜ ਤੇ ਟਿਕਾ ਕੇ

ਪਾਤੀ ਸੀ ਸ਼ਕਤੀ ਪਿਉਂਦ ਬਾਣੀ ਦੀ ਲਾਕੇ

ਗੁਰੂ ਪੰਜਾਂ ਨੂ ਸੀ ਪਾਹੁਲ ਛਕਾਉਣਾ

8ਕੌਮ ਤਿਅਰ ਕੀਤੀ ਸ਼ੇਰਾਂ ਵਾਲੀ ਪਾਤਸ਼ਾਹ

ਗਰੀਬਾਂ ਤੇ ਨਿਮਾਣਿਆਂ ਨੂੰ ਬਣਾ ਗਿਆ ਬਾਦਸ਼ਾਹ

ਅੱਜ ਨੀਵਿਆਂ ਤੋਂ ਉਚਿਆਂ ਕਰਾਉਣਾ

ਅੱਜ ਗਿਦੜਾਂ ਤੋਂ ਸ਼ੇਰ ਬਣਾਉਣਾ

ਅੱਜ ਚਿੜੀਆਂ ਤੋਂ ਬਾਜਾਂ ਨੂੰ ਤੜਾਉਣਾ

ਜਸ ਅੱਜ ਪਟਿਆਲੇ ਵਾਲੇ ਗਾਉਣਾ

ਉਠੇ ਕੋਈ ਸਿੱਖ ਸੂਰਮਾ

ਭੇਟਾ ਸੀਸ ਜਿਹਨੇ ਗੁਰੁ ਦੀ ਚੜਾਉਣਾ

ਉਠੇ ਕੋਈ ਪਿਆਰਾ ਗੁਰੁ ਦਾ